ਪੰਜਾਬੀ ਜਾਗਰਣ ਜਲੰਧਰ 9 ਮਈ 2018

# ਸਪੋਕਨ ਇੰਗਲਿਸ਼ ਦੀ ਫ੍ਰੀ ਸਿਖਲਾਈ ਅਰੰਭ

**ਪੱਤਰ ਪ੍ਰੇਰਕ, ਚਮਕੌਰ ਸਾਹਿਬ** : ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿਖੇ 15 ਮਈ ਤੋਂ 15 ਜੁਲਾਈ ਤਕ ਮੁਫ਼ਤ ਸਪੋਕਨ ਇੰਗਲਿਸ਼ ਅਤੇ ਕੰਪਿਊਟਰ ਦੀ ਬੇਸਿਕ ਸਿਖਲਾਈ ਦਾ ਕੋਰਸ ਲਗਾਇਆ ਜਾ ਰਿਹਾ ਹੈ। ਕਾਲਜ ਕਮੇਟੀ ਦੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਨੇ ਦੱਸਿਆ ਕਿ ਕਾਲਜ ਪੇਂਡੂ ਇਲਾਕੇ ਵਿੱਚ ਹੋਣ ਕਾਰਨ ਵਿਦਿਆਰਥੀ ਵੱਡੀਆਂ ਫ਼ੀਸਾਂ ਦੇ ਕੇ ਉਪਰੋਕਤ ਕੋਰਸ ਨਹੀਂ ਕਰ ਸਕਦੇ, ਜਿਸ ਕਾਰਨ ਕਾਲਜ ਪ੍ਰਬੰਧਕ ਕਮੇਟੀ ਨੇ ਫੈਸਲਾ ਕੀਤਾ ਹੈ, ਕਿ ਇਲਾਕੇ ਦੇ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਉਪਰੋਕਤ ਕੋਰਸਾਂ ਦੀ ਸਿਖਲਾਈ ਇੱਕ ਮਹੀਨੇ ਲਈ ਬਿਲਕੁਲ ਮੁਫ਼ਤ ਦਿੱਤੀ ਜਾਵੇ। ਕਾਲਜ ਦੇ ਪ੍ਰਿੰਸੀਪਲ ਪ੍ਰੋ. ਸੁਰਮੁੱਖ ਸਿੰਘ ਨੇ ਦੱਸਿਆ ਕਿ ਇਨ੍ਹਾਂ ਕੋਰਸਾਂ 'ਚ ਬਾਰ੍ਹਵੀਂ ਪਾਸ ਤੇ ਇਸ ਤੋਂ ਉਚੇਰੀ ਵਿਦਿਅਕ ਯੋਗਤਾ ਰੱਖਦੇ ਵਿਦਿਆਰਥੀ ਆ ਸਕਦੇ ਹਨ। ਉਨ੍ਹਾਂ ਦੱਸਿਆ ਕਿ ਕਾਲਜ ਦੇ ਐੱਮਐੱਸਸੀ (ਗਣਿਤ) ਦਾ ਨਤੀਜਾ 100 ਫ਼ੀਸਦੀ ਰਿਹਾ, ਜਿਸ 'ਚ ਵਿਦਿਆਰਥਣ ਰਖਵਿੰਦਰ ਕੌਰ 88 ਫ਼ੀਸਦੀ ਨੰਬਰ ਲੈ ਕੇ ਕਾਲਜ ਵਿੱਚੋਂ ਪਹਿਲੇ ਨੰਬਰ 'ਤੇ ਰਹੀ, ਜਦੋਂ ਕਿ ਰੁਪਿੰਦਰ ਕੌਰ 76 ਫ਼ੀਸਦੀ ਅਤੇ ਰੁਪਿੰਦਰ ਕੌਰ 74 ਫ਼ੀਸਦੀ ਨੰਬਰ ਲੈ ਕੇ ਕ੍ਰਮਵਾਰ ਦੂਜੇ ਤੇ ਤੀਜੇ ਸਥਾਨ 'ਤੇ ਰਹੀਆਂ ਇਸੇ ਤਰ੍ਹਾਂ ਐੱਮਐੱਸਸੀ (ਆਈ.ਟੀ.) ਸਮੈਸਟਰ ਤੀਜਾ ਵਿੱਚੋਂ ਦਲਜੀਤ ਕੌਰ 70 ਫ਼ੀਸਦੀ, ਮਨਪ੍ਰੀਤ 67 ਫ਼ੀਸਦੀ, ਭਰਿਗੂ ਭਾਰਤੀ ਸ਼ਰਮਾ 67 ਫ਼ੀਸਦੀ ਨੰਬਰ ਲੈ ਕੇ ਕ੍ਰਮਵਾਰ ਪਹਿਲੇ ਅਤੇ ਦੂਜੇ ਸਥਾਨ 'ਤੇ ਰਹੀਆਂ। ਕਾਲਜ ਦਾ ਬੀ.ਸੀ.ਏ. ਸਮੈਸਟਰ ਪਹਿਲਾ ਦਾ ਨਤੀਜਾ ਵੀ ਸ਼ਾਨਦਾਰ ਰਿਹਾ, ਜਿਸ ਵਿੱਚ ਨਿਤਮਿਦਕ ਕੌਰ 78 ਫ਼ੀਸਦੀ, ਇੰਦਰਜੀਤ ਕੌਰ 76 ਫ਼ੀਸਦੀ, ਆਰਜੂ 74 ਫ਼ੀਸਦੀ ਨੰਬਰ ਲੈ ਕੇ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਐੱਮਐੱਸਸੀ (ਗਣਿਤ) ਦੇ ਵੀ ਵਿਦਿਆਰਥੀ ਫਸਟ ਡਵੀਜ਼ਨ ਵਿੱਚ ਪਾਸ ਹੋਏ ਹਨ। ਇਨ੍ਹਾਂ ਪ੍ਰਥਮ ਰਹੇ ਵਿਦਿਆਰਥੀਆਂ ਨੂੰ ਕਾਲਜ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ, ਮੈਨੇਜ਼ਰ ਸੁਖਵਿੰਦਰ ਸਿੰਘ ਵਿਸਕੀ ਅਤੇ ਸਕੱਤਰ ਜਗਵਿੰਦਰ ਸਿੰਘ ਪੰਮੀ ਨੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਡਾ. ਸਤਵੰਤ ਕੌਰ ਸ਼ਾਹੀ, ਡਾ. ਬਲਜੀਤ ਸਿੰਘ, ਪ੍ਰੋ. ਮਮਤਾ ਅਰੋੜਾ, ਪ੍ਰੋ. ਚਾਰੂ ਮਿੱਤਰਾ, ਪ੍ਰੋ. ਰਕੇਸ਼ ਜੋਸ਼ੀ, ਪ੍ਰੋ. ਮਨਦੀਪ ਸਿੰਘ ਅਤੇ ਪ੍ਰੋ. ਗੁਰਿੰਦਰ ਸਿੰਘ ਆਦਿ ਹਾਜ਼ਰ ਸਨ।



ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਦੇ ਵੱਖ-ਵੱਖ ਵਿਸ਼ਿਆਂ 'ਚੋਂ ਪ੍ਰਥਮ ਰਹੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਣ ਦਾ ਦ੍ਰਿਸ਼।